




# ਨਵੀਂਆਂ ਵੰਗਾਰਾਂ, ਚੁਣੌਤੀਆਂ ਤੇ ਵਿਰੋਧਤਾਈਆਂ ਬਨਾਮ ਸੰਵਾਦਕ ਕਾਵਿਕ ਪ੍ਰਵਚਨ

## (ਮਨ ਦੀ ਚਿੱਪ ਕਾਵਿ-ਪੁਸਤਕ ਦੇ ਸੰਦਰਭ ਵਿਚ)

ਅੱਜ ਲਿਖੀ ਜਾ ਰਹੀ ਬਹੁਤੀ ਕਵਿਤਾ ਸਮਕਾਲ ਨੂੰ ਮੁਖ਼ਾਤਿਬ ਹੈ। ਇਹ ਕਵਿਤਾ ਮਨੁੱਖ ਦੇ ਅੰਦਰਲੇ ਤੇ ਬਾਹਰਲੇ ਸੰਸਾਰ ਦੀਆਂ ਬਹੁ ਤਰੰਗਾਂ ਨੂੰ ਪਕੜਦੀ ਸਾਹਮਣੇ ਆ ਰਹੀ ਹੈ। ਅੱਜ ਦੇ ਦੌਰ ਵਿਚ ਜ਼ਿੰਦਗੀ ਦੀ ਰਫ਼ਤਾਰ ਵਧਣ ਨਾਲ ਬੇਤਰਤੀਬੀ ਵਧੀ ਹੈ ਤੇ ਮਨੁੱਖ ਦੇ ਮਨ 'ਤੇ ਕਈ ਤਰ੍ਹਾਂ ਦੇ ਖ਼ਤਰੇ ਮੰਡਰਾ ਰਹੇ ਹਨ। ਇਸ ਦੌਰ ਵਿਚ ਸਹਿਯੋਗ ਅਤੇ ਸਹਿਹੋਂਦ ਦੇ ਸੰਕਲਪਾਂ ਵਿਚ ਵੀ ਨਿਘਾਰਤਾ ਪੈਦਾ ਹੋਈ ਹੈ। ਅਜਿਹੀਆਂ ਚੁਣੌਤੀਆਂ ਨੂੰ ਸਿੱਝਣ ਅਤੇ ਸਮੇਂ ਦੇ ਹਾਣ ਦਾ ਬਣਨ ਦਾ ਸਵਾਲ ਕਵਿਤਾ ਸਾਹਮਣੇ ਹੈ। ਸਮਕਾਲੀ ਕਵਿਤਾ ਵਿਚੋਂ ਗੁਜ਼ਰਦਿਆਂ ਇਹ ਵੇਖਣਾ ਲਾਜ਼ਮੀ ਹੈ ਕਿ ਕਵਿਤਾ ਬਦਲ ਰਹੀਆਂ ਪ੍ਰਸਥਿਤੀਆਂ ਵਿਚ ਸਮੇਂ ਦੇ ਇਤਿਹਾਸਕ ਸਮਾਜਕ ਵੇਗ ਨੂੰ ਕਿਸ ਹੱਦ ਤਕ ਸਮਝ ਰਹੀ ਹੈ। ਇਹ ਸੱਚ ਹੈ ਕਿ ਸਮਾਜ ਵਿਚ ਵਾਪਰੀ ਘਟਨਾ ਦਾ ਕਵਿਤਾ ਸਭ ਤੋਂ ਪਹਿਲਾਂ ਪ੍ਰਤੀਕਰਮ ਦਿੰਦੀ ਹੈ। ਇਹ ਅਜਿਹੀ ਵਿਧਾ ਹੈ ਜੋ ਮਨੁੱਖ ਦੇ ਸਭਿਆਚਾਰਿਕ ਵਿਕਾਸ ਵਿਚ ਬਹੁਤ ਪ੍ਰਚੱਲਤ ਕਲਾ ਵੰਨਗੀ ਪੱਖੋਂ ਜਾਣੀ ਜਾਂਦੀ ਹੈ। ਇਹ ਮਨੁੱਖ ਅੰਦਰ ਹੁਲਾਸ, ਉਮਾਹ ਤੇ ਸੁਹਜ ਵੀ ਭਰਦੀ ਹੈ। ਸਮੇਂ ਦੀਆਂ ਪ੍ਰਸਥਿਤੀਆਂ ਅਤੇ ਕਵਿਤਾ ਦਾ ਆਪਸੀ ਦਵੰਦਾਤਮਕ ਰਿਸ਼ਤਾ ਬਣਦਾ ਹੈ। ਸਮੇਂ ਦੇ ਬਦਲਣ ਨਾਲ ਕਵਿਤਾ ਦਾ ਕੰਟੈਂਟ ਅਤੇ ਰੂਪ ਵੀ ਬਦਲਦਾ ਰਿਹਾ ਹੈ। ਕਵਿਤਾ ਦਾ ਮਹੱਤਵਪੂਰਨ ਪਹਿਲੂ ਇਹ ਹੈ ਕਿ ਇਹ ਪੜ੍ਹਨ, ਸੁਣਨ ਅਤੇ ਬੌਧਿਕ ਮਾਧਿਅਮ ਰਾਹੀਂ ਮਨ ਅਤੇ ਚੇਤਨਾ ਨੂੰ ਪ੍ਰਭਾਵਿਤ ਕਰਦੀ ਹੈ। ਕਾਵਿ ਵਿਚਲਾ ਪ੍ਰਯੋਜਨ ਹੀ ਕਵਿਤਾ ਨੂੰ ਉਸ ਦੀ ਬਣਦੀ ਸਪੇਸ ਪ੍ਰਦਾਨ ਕਰਦਾ ਹੈ।

> ਪ੍ਰਯੋਜਨ ਤੋਂ ਭਾਵ ਮੰਤਵ, ਮਨੋਰਥ, ਮਕਸਦ ਦਾ ਨਿਸ਼ਾਨਾ ਕਿਹਾ ਜਾਂਦਾ ਹੈ ਕਿ ਮਨੁੱਖ ਦੀ ਹਰ ਹਰਕਤ ਅਥਵਾ ਕਿਰਿਆ ਦਾ ਕੋਈ ਨਾ ਕੋਈ ਮਕਸਦ ਹੁੰਦਾ ਹੈ। ਸਾਡਾ ਕੋਈ ਵੀ ਕੰਮ ਮਨੋਰਥਹੀਨ ਨਹੀਂ ਹੁੰਦਾ ਤਾਂ ਫਿਰ ਕਾਵਿ ਜਿਹੀ ਉੱਚੀ ਤੇ ਉਦਾਤ ਕਲਾ ਦਾ ਅਵੱਸ ਪ੍ਰਯੋਜਨ ਹੁੰਦਾ ਹੋਵੇਗਾ ਇਸ ਵਿਚ ਕੋਈ ਸ਼ੱਕ ਨਹੀਂ।[1]

ਪੰਜਾਬੀ ਦੀ ਬਹੁਤੀ ਕਵਿਤਾ ਨਾਬਰੀ ਦੀ ਕਵਿਤਾ ਰਹੀ ਹੈ। ਇਹ ਕਵਿਤਾ ਸਥਾਪਤੀ ਤੋਂ ਵਿੱਥ ਸਿਰਜਦੀ ਰਹੀ ਤੇ ਅਮਾਨਵੀ ਵਰਤਾਰਿਆਂ ਵਿਰੁੱਧ ਪ੍ਰਤੀਰੋਧੀ ਸੁਰ ਉਭਾਰਦੀ ਰਹੀ। ਵਿਸ਼ਵੀਕਰਨ ਦੇ ਤਹਿਤ ਆਈਆਂ ਨਵੀਆਂ ਆਰਥਿਕ ਨੀਤੀਆਂ ਨੇ ਸਮਾਜ ਦੇ ਹਰ ਖੇਤਰ ਵਿਚ ਆਪਣਾ ਪ੍ਰਭਾਵ ਪਾਇਆ ਹੈ। ਇਸ ਪ੍ਰਭਾਵਿਕਤਾ ਹੇਠ ਮਨੁੱਖ ਦੀ ਮਾਨਸਿਕਤਾ, ਸੋਚ, ਵਿਚਾਰ ਵਿਚ ਵਿਚ ਵੀ ਕਾਫ਼ੀ ਬਦਲਾਅ ਆਇਆ। ਪੈਸਾਮੁਖੀ ਸੋਚ ਨੇ ਮਨੁੱਖ ਨੂੰ ਮਨੁੱਖ ਨਾਲੋਂ ਤੋੜਿਆ। ਅਜਿਹੇ ਸਮੇਂ ਨਿੱਜਵਾਦੀ ਪ੍ਰਵਿਰਤੀ ਹਾਵੀ ਹੋਈ ਤੇ ਮਨੁੱਖ ਨੂੰ ਆਪਣੀ ਹੋਂਦ ਅਤੇ



**ਡਾ. ਅਰਵਿੰਦਰ ਕੌਰ ਕਾਕੜਾ**
ਅਸਿਸਟੈਂਟ ਪ੍ਰੋਫ਼ੈਸਰ
ਪਬਲਿਕ ਕਾਲਜ
ਸਮਾਣਾ
9463615536
kakraak@gmail.com

ਅਸਤਿਤਵ ਦੇ ਖੁਰ ਜਾਣ ਦਾ ਡਰ ਪੈਦਾ ਹੋਇਆ। ਕਵਿਤਾ ਵਿਚ ਸੰਬੋਧਨੀ ਸੰਕਟ ਉਭਰ ਕੇ ਸਾਹਮਣੇ ਆਇਆ। ਬਾਜ਼ਾਰੀਕਰਨ ਦੇ ਪਰਛਾਵੇਂ ਹਰ ਖੇਤਰ ਵਿਚ ਦਿਖਾਈ ਦੇਣ ਲੱਗੇ। ਵੱਧ ਤੋਂ ਵੱਧ ਪੂੰਜੀ ਇਕੱਠੀ ਕਰਨ ਦੀ ਚਾਹਤ ਨੇ ਮਨੁੱਖ ਨੂੰ ਸਮਾਜਕ ਸਰੋਕਾਰਾਂ ਤੋਂ ਤੋੜਿਆ। ਆਪ-ਹੁਦਰਾਪਣ ਤੇ ਨਿੱਜਪ੍ਰਸਤੀ ਦੀ ਭਾਵਨਾ ਹੇਠ ਪੂੰਜੀਵਾਦੀ ਦੇਸ਼ਾਂ ਦੀ ਖਹਿਬਾਜ਼ੀ ਨੇ ਵਿਸ਼ਵ ਵਿਚ ਕਈ ਤਰ੍ਹਾਂ ਦੀਆਂ ਵਿਰੋਧਤਾਈਆਂ ਛੇੜੀਆਂ ਜਿਸ ਨੇ ਵਿਸ਼ਵ ਦ੍ਰਿਸ਼ ਨੂੰ ਪ੍ਰਭਾਵਿਤ ਕੀਤਾ। ਪੰਜਾਬੀ ਕਵਿਤਾ ਵਿਚ ਨਵੇਂ ਵਿਸ਼ੇ ਦਾਖਲ ਹੋਏ। ਅੱਜ ਅਸੀਂ ਸਾਮਰਾਜੀ ਤਕਨੀਕੀ ਦੌਰ ਵਿਚ ਰਹਿ ਰਹੇ ਹਾਂ। ਇਸ ਤਕਨੀਕ ਨੇ ਮਨੁੱਖ ਨੂੰ ਅੰਦਰੋਂ-ਬਾਹਰੋਂ ਝੰਜੋੜ ਕੇ ਰੱਖ ਦਿੱਤਾ ਹੈ। ਇਹ ਸਮਾਂ ਸੰਵਾਦ ਦੀ ਮੰਗ ਕਰਦਾ ਹੈ ਜੋ ਭੱਖਦੇ ਮਸਲਿਆਂ ਨੂੰ ਅਧਾਰ ਬਣਾ ਕੇ ਕਵਿਤਾ ਰਾਹੀਂ ਨਵੀਂ ਬਹਿਸ ਪੈਦਾ ਕਰੇ। ਕਵਿਤਾ ਸਿਰਫ਼ ਸੁਹਜਾਤਮਕ ਲੋੜਾਂ ਦੀ ਪੂਰਤੀ ਹੀ ਨਹੀਂ ਬਲਕਿ ਮਨੁੱਖ ਦੇ ਅੰਦਰ ਪੈਦਾ ਹੋਏ ਤੌਖਲਿਆਂ ਬਾਰੇ ਗੰਭੀਰ ਨੋਟਿਸ ਲੈਂਦਿਆਂ ਆਪਣੀ ਜ਼ਿੰਮੇਵਾਰੀ ਵੀ ਨਿਭਾਉਂਦੀ ਹੈ। ਅਜਿਹੀ ਕਵਿਤਾ ਚਿੰਤਨਮੁਖੀ ਧੁਨੀ ਦਾ ਉਭਾਰ ਕਰਦੀ ਹੋਈ ਸੁਚੇਤਨਾ ਦਾ ਪ੍ਰਗਟਾਵਾ ਕਰਦੀ ਹੈ। ਅਜਿਹੇ ਦੌਰ ਵਿਚ ਸਵਰਨਜੀਤ ਸਵੀ ਦੀ ਕਾਵਿ ਪੁਸਤਕ 'ਮਨ ਦੀ ਚਿੱਪ' ਕਈ ਸਵਾਲਾਂ ਦੇ ਸਨਮੁੱਖ ਹੁੰਦੀ ਹੈ। ਸਵੀ ਦੇ ਕਾਵਿ ਪ੍ਰਵਾਹ ਦੀ ਇਕ ਖਾਸੀਅਤ ਰਹੀ ਹੈ ਕਿ ਉਹ ਕਾਵਿ ਕੈਨਵਸ ਵਿਚ ਨਿਵੇਕਲੀ ਪੁਲਾਂਘ ਪੁੱਟਦਾ ਹੈ। ਇਸ ਦਾ ਅਮਲ ਉਸ ਦੀ **ਦਾਇਰਿਆਂ ਦੀ ਕਬਰ** ਕਾਵਿ ਸੰਗ੍ਰਹਿ ਤੋਂ ਲੈ ਕੇ **ਉਰੀ** ਸੰਗ੍ਰਹਿਆਂ ਤਕ ਵੀ ਵੇਖਿਆ ਜਾ ਸਕਦਾ ਹੈ। ਆਪਣੀ ਹਰ ਕਾਵਿ-ਪੁਸਤਕ ਵਿਚ ਸਵੀ ਇਕ ਗੰਭੀਰ ਬਹਿਸ ਛੇੜਦਾ ਹੈ।

**ਮਨ ਦੀ ਚਿੱਪ** ਕਾਵਿ ਪੁਸਤਕ ਯਾਂਤਰਿਕ ਸੰਸਾਰ ਦੇ ਸਮਾਨੰਤਰ ਮਾਨਵੀ ਸੰਵੇਦਨਾ ਦਾ ਸੰਸਾਰ ਉਸਾਰਦੀ ਹੋਈ ਆਪਣੀ ਨਵੀਂ ਸਪੇਸ ਗ੍ਰਹਿਣ ਕਰਦੀ ਹੈ। ਅੱਜ ਤਕਨਾਲੋਜੀ ਵਿਕਾਸ ਨੇ ਮਨੁੱਖ ਦੀ ਜੀਵਨ ਸ਼ੈਲੀ, ਕਾਰਜਸ਼ੈਲੀ, ਸੋਚ, ਦ੍ਰਿਸ਼ਟੀ, ਕਲਪਨਾ ਆਦਿ ਨੂੰ ਝੰਜੋੜਿਆ ਤੇ ਮਨੁੱਖ ਦੀ ਜ਼ਹਿਨੀਅਤ ਨੂੰ ਗ਼ੁਲਾਮ ਬਣਾਉਣ ਲਈ ਕੋਸ਼ਿਸ਼ ਕੀਤੀ ਹੈ। ਸਵੀ ਨੇ ਇਸ ਪੁਸਤਕ ਵਿਚ ਬਹੁਤ ਸਾਰੇ ਸਵਾਲ ਖੜ੍ਹੇ ਕੀਤੇ ਹਨ ਜੋ ਕਾਵਿ ਚਿੰਤਨ ਵਿਚ ਨਵੀਂ ਬਹਿਸ ਛੇੜਦੇ ਹਨ। ਇਹ ਕਵਿਤਾ ਮਕਾਨਕੀ ਸੋਚ ਤੋਂ ਮਨੁੱਖ ਨੂੰ ਮੁਕਤ ਕਰਦੀ ਹੋਈ ਮਾਨਵੀਂ ਸੰਵੇਦਨਾ ਨੂੰ ਮੁਖ਼ਾਤਬ ਹੁੰਦੀ ਹੈ। ਇਹ ਕਵਿਤਾ ਪ੍ਰਵੇਸ਼ ਤੋਂ ਆਵੇਸ਼ ਤੇ ਆਵੇਸ਼ ਤੋਂ ਪ੍ਰਵੇਸ਼ ਵੱਲ ਸਫਰ ਕਰਦੀ ਹੈ। ਇਹ ਸ਼ਾਇਰੀ ਸਵੈ-ਹੋਂਦ ਦੀ ਪ੍ਰਮਾਣਿਤ ਸੋਝੀ ਦੀ ਤਲਾਸ਼ ਕਰਦੀ ਅਣਕਿਆਸੀਆਂ ਪ੍ਰਸਥਿਤੀਆਂ ਵਿਚ ਉਸਰ ਰਹੇ ਮਨੁੱਖੀ ਬਿੰਬ ਨੂੰ ਨਕਾਰਦੀ ਹੈ। ਕਵੀ ਛੋਟੇ-ਛੋਟੇ ਪ੍ਰਸੰਗਾਂ ਵਿਚ ਸੁਆਲੀਆ ਫਿਕਰਿਆਂ ਨਾਲ ਆਪਣਾ ਕਾਵਿ ਪੈਰਾਡਾਈਮ ਉਸਾਰਦਾ ਹੈ। ਸਵੀ ਕੋਲ ਸ਼ਬਦਾਂ ਨੂੰ ਚਿਤਰਣ ਦੀ ਮੁਹਾਰਤ ਹੈ ਇਸ ਲਈ ਉਹ ਚੇਤਨਾ ਦੇ ਪੁਰਸ਼ ਦੇ ਨਾਲ ਗਹਿਰੇ ਅਰਥਾਂ ਨੂੰ ਸਕਾਰਿਤ ਕਰਦਾ ਹੈ। ਤਕਨਾਲੋਜੀ ਦੀ ਪ੍ਰਭਾਵਿਕਤਾ ਹੇਠ ਸਿਰਜਿਆ ਜਾ ਰਿਹਾ ਬਿਰਤਾਂਤ ਉਸ ਦੇ ਕਾਵਿ ਬਿਰਤਾਂਤ ਸਾਹਵੇਂ ਬੌਣਾ ਜਾਪਦਾ ਹੈ। ਸਵੀ ਨੇ ਸੁਚੇਤ ਰੂਪ ਵਿਚ ਇਸ ਪੁਸਤਕ ਨੂੰ ਚਾਰ ਭਾਗਾਂ ਵਿਚ ਵੰਡ ਕੇ ਚੇਤੰਨੀ ਪ੍ਰਵਚਨਾਂ ਦਾ ਪ੍ਰਮਾਣ ਦਿੱਤਾ ਹੈ। ਕਵੀ ਨੇ ਯਾਂਤਰਿਕ ਸੰਸਾਰ ਪ੍ਰਤੀ ਫ਼ਿਕਰਮੰਦੀ ਜਤਾਉਂਦਿਆਂ ਮਾਨਵੀ ਸੰਵੇਦਨਾ ਨੂੰ ਕੰਟਰੋਲ ਕਰਨ ਵਾਲ਼ੇ ਯੰਤਰਾਂ ਦੀ ਵਿਰੋਧਤਾ ਕੀਤੀ ਹੈ। ਇੱਥੇ ਇਹ ਵੀ ਬਹੁਤ ਜ਼ਰੂਰੀ ਹੈ ਕਿ ਤਕਨਾਲੋਜੀ ਇਨਕਲਾਬ ਮਨੁੱਖ ਲਈ ਕਿਉਂ ਘਾਤਕ ਹੈ। ਤਕਨਾਲੋਜੀ ਭਾਵੇਂ ਚਮਤਕਾਰੀ ਸੰਭਾਵਨਾਵਾਂ ਪੈਦਾ ਕਰਦੀ ਹੈ ਇੱਥੇ ਇਹ ਦੱਸਣਾ ਜਰੂਰੀ ਹੈ ਇਸ ਤਕਨਾਲੋਜੀ ਦੀ ਅਗਵਾਈ ਕਿੰਨਾਂ ਲੋਕਾਂ ਦੇ ਹੱਥ ਵਿਚ ਹੈ। ਉਂਝ ਤਕਨਾਲੋਜੀ ਨੂੰ ਕਿਰਤ ਦਾ ਨਿਖਰਿਆ ਰੂਪ ਮੰਨਿਆ ਜਾਂਦਾ ਹੈ। ਅੱਜ ਜੋ ਤਕਨਾਲੋਜੀ ਮਨੁੱਖ ਦੇ ਉੱਪਰ ਹਾਵੀ ਹੋ ਰਹੀ ਹੈ ਉਸ ਤਕਨਾਲੋਜੀ ਨੂੰ ਪੈਦਾ ਕਰਨ ਵਾਲੇ ਪੂੰਜੀਪਤੀ ਉਦਮੀ ਹਨ ਤੇ ਜਿਨ੍ਹਾਂ ਦੀ ਅਗਵਾਈ ਪੂੰਜੀਵਾਦੀ ਕਾਰਪੋਰੇਸ਼ਨ ਕਰਦੀਆਂ ਹਨ। ਪੂੰਜੀਵਾਦੀ ਪ੍ਰਬੰਧ ਮੁਨਾਫ਼ਾ ਕੇਂਦਰਿਤ ਪ੍ਰਬੰਧ ਹੁੰਦਾ ਹੈ। ਜੋ ਕਿਰਤ ਦੀ ਲੁੱਟ ਕਰਦਾ ਹੈ। ਇਹ ਪ੍ਰਬੰਧ ਮਾਨਵੀ ਸੰਵੇਦਨਾ ਨੂੰ ਮਾਰਦਾ ਹੋਇਆ ਮਨੁੱਖ ਨੂੰ ਇਕ ਮਸ਼ੀਨ ਬਣਾਉਂਦਾ ਹੈ। ਇਥੇ ਇਕ ਵਿਰੋਧਤਾਈ ਕਿਰਤ ਅਤੇ ਤਕਨਾਲੋਜੀ ਦੀ ਵੀ ਉਭਰਦੀ ਹੈ ਪਰ ਇਹ ਬੁਨਿਆਦੀ ਵਿਰੋਧਤਾਈ ਨਹੀਂ ਹੁੰਦੀ। ਪੂੰਜੀਵਾਦੀ ਪ੍ਰਬੰਧ ਹੇਠ ਹੋਏ ਮਸ਼ੀਨੀ ਇਨਕਲਾਬ ਨੇ ਜਿੱਥੇ ਕੁਝ ਸੁੱਖ ਸਹੂਲਤਾਂ ਪ੍ਰਦਾਨ ਕੀਤੀਆਂ ਉਥੇ ਵਿਸ਼ਵ ਪੱਧਰ 'ਤੇ ਬਹੁਤ ਸਾਰੇ ਵਿਰੋਧ ਵੀ ਪੈਦਾ ਹੋਏ ਜਿਵੇਂ ਪੂੰਜੀਪਤੀ ਵਰਗ ਤੇ ਕਿਰਤੀ ਵਰਗ ਵਿਚ ਵਿਰੋਧ, ਸਾਮਰਾਜੀ ਦੇਸ਼ਾਂ ਦਾ ਗ਼ੁਲਾਮ ਮੁਲਕਾਂ ਨਾਲ ਵਿਰੋਧ, ਸਾਮਰਾਜੀ ਮੁਲਕਾਂ ਦਾ ਸਾਮਰਾਜੀ ਮੁਲਕਾਂ ਨਾਲ ਵਿਰੋਧ ਆਦਿ।ਇਨ੍ਹਾਂ ਰਾਜਸੀ ਆਰਥਿਕ ਵਿਰੋਧਾਂ ਨੇ ਮਨੁੱਖ ਲਈ ਵਿਸ਼ਵ ਪੱਧਰ ਤੇ ਨੈਤਿਕ ਤੇ ਰਾਜਸੀ ਸੰਕਟ ਪੈਦਾ ਹੋਏ।

ਸਵੀ ਆਪਣੀ ਇਸ ਪੁਸਤਕ ਦੇ ਵਿਚ ਜਿਸ ਮਸ਼ੀਨੀਕਰਨ ਭਾਵ ਤਕਨੀਕੀ ਇਨਕਲਾਬ ਦੀ ਗੱਲ ਕਰ ਰਿਹਾ ਹੈ। ਇਹ ਮਸ਼ੀਨਕਰਨ ਦਾ ਅਗਲਾ ਪੜਾਅ ਹੈ। ਜਿਸ ਨੇ ਮਨੁੱਖ ਦੀ ਹੋਂਦ ਮਨੁੱਖੀ ਸੱਭਿਅਤਾ ਦਾ ਸੰਕਟ

ਖੜ੍ਹਾ ਕੀਤਾ। ਇਸ ਪੁਸਤਕ ਦੀ ਆਦਿਕਾ ਵਿਚਲੀ ਸੁਰ ਇਸ ਤਕਨੀਕੀ ਹਮਲੇ ਤੋਂ ਬਚਾਉਣ ਲਈ ਮਨੁੱਖੀ ਸੰਵੇਦਨਾ ਨੂੰ ਇਸ ਸ਼ਾਇਰੀ ਦੀ ਕੇਂਦਰ ਬਿੰਦੂ ਬਣਾਉਂਦੀ ਹੈ। ਕਵੀ ਸ਼ਾਬਦਿਕ ਸਿਰਜਨਾ ਦੀ ਪੈਰਵੀਂ ਕਰਦਾ ਹੋਇਆ ਇਸ ਮਕਾਨਕੀ ਦੌਰ ਵਿਚ ਸੰਵੇਦਨਮਈ ਲੀਕ ਵਾਹੁੰਦਾ ਹੈ। ਉਹ ਆਪਣੇ ਅੰਤਰੀਵ ਬੋਲਾਂ ਨੂੰ ਜ਼ੁਬਾਨ ਦਿੰਦਾ ਹੋਇਆ ਕੁਦਰਤ, ਮਨੁੱਖ ਅਤੇ ਸਮਾਜ ਦੇ ਵਿਚ ਅੰਤਰ ਸਬੰਧ ਸਥਾਪਤ ਕਰਦਾ ਹੈ। ਕਵੀ ਕਵਿਤਾ ਨੂੰ ਯਥਾਰਥ ਦੀ ਫੋਟੋਗ੍ਰਾਫੀ ਨਹੀਂ ਮੰਨਦਾ ਬਲਕਿ ਇਸ ਦੇ ਵਿਚ ਆਪਣੇ ਅਨੁਭਵੀ ਅੰਸ਼ਾਂ ਦੀ ਸਿਰਜਣਾ ਨੂੰ ਮੰਨਦਾ ਹੈ। ਜਿਵੇਂ-

*ਰੰਗਾਂ ਦੀਆਂ ਵਾਛੜਾਂ 'ਚੋਂ*
*ਝਰਦੀਆਂ*
*ਬਾਰਿਸ਼ ਦੀਆਂ ਬੂੰਦਾਂ*
*ਚੁਫ਼ੇਰੇ ਫੈਲਦੀ ਸਤਰੰਗੀ ਝਾਲਰ*
*ਜੋ ਅੰਦਰਲੇ ਨੂੰ*
*ਤਪਾਉਂਦੀ ਠਾਰਦੀ*
*ਚਾਨਣ ਦੀਆ ਰਿਸ਼ਮਾਂ ਤੋਂ*
*ਹਨੇਰੇ ਦੀ ਅਨੰਤ ਤੱਕ*
*ਵਿਛੀ ਗਾੜ੍ਹੀ ਚਾਦਰ*
*ਜੋ ਕੁਝ ਦਿਖਾਉਂਦੀ*
*ਲਹਿਰਾਉਂਦੀ*
*ਬਹੁਤ ਗੁੱਝਾ ਰੱਖਦੀ*
*ਮਨ 'ਚ*
*ਜਗਿਆਸਾ ਦੀ ਜੋਤ*
*ਜਗਦੀ ਰੱਖਦੀ*[2]
.......
*ਕਵਿਤਾ*
*ਸਭ ਕਸ਼ਟਾਂ*
*ਦੁੱਖਾਂ ਦਾ ਦਾਰੂ*
*ਆਨੰਤੀ ਤੋਰ*
*ਜਿਸ ਤੋਂ ਬਿਨਾਂ*
*ਨਾ ਕੱਥ*
*ਨਾ ਸੱਚ*
*ਨਾ ਹੋਂਦ*
*ਨਾ ਲੋੜ......*[3]

ਸਵੀ ਦੀ ਕਵਿਤਾ ਇਸ ਪੱਖੋਂ ਸੁਚੇਤ ਹੈ ਕਿ ਯਾਂਤਰਿਕ ਤਲਿੱਸਮ ਵਰਤਮਾਨੀ ਦਹਿਲੀਜ਼ ਤੇ ਮਨੁੱਖੀ ਦਿਮਾਗ ਨੂੰ ਕੰਟਰੋਲ ਕਰਨ ਲਈ ਆਪਣੀ ਬੀਨ ਵਜਾ ਰਿਹਾ ਹੈ। ਮਨੁੱਖ ਦੀ ਜ਼ਹਿਨੀਅਤ/ਮਾਨਸਿਕਤਾ ਨੂੰ ਗ਼ੁਲਾਮ ਕਰਨ ਦੇ ਲਈ ਕਾਰਪੋਰੇਟ, ਨੈੱਟਵਰਕ, ਗੂਗਲ ਆਦਿ ਦੇ ਪਰਛਾਵੇਂ ਬਹੁ ਦਿਸ਼ਾਵੀਂ ਪੈ ਰਹੇ ਹਨ। ਮਨੁੱਖ ਨੂੰ ਮਸ਼ੀਨ ਬਣਾਉਣ ਦੀ ਸਾਜ਼ਿਸ ਪਿੱਛੇ ਜਿਹੜੀ ਸ਼ਕਤੀ ਕੰਮ ਕਰ ਰਹੀ ਹੈ ਉਸ ਨਾਲ ਦਸਤਪੰਜਾ ਲੈਣ ਲਈ ਮਾਨਵੀ ਧੁਨੀ ਸਿਰਜਨਾਤਮਕ ਸੰਭਾਵਨਾਵਾਂ ਨੂੰ ਵਿਸਥਾਰਦੀ ਹੈ। ਕਵੀ ਸਿਰਜਨਾ ਵਿਚਲੀ ਰਮਜ਼ ਪਹਿਚਾਣਨ ਨੂੰ ਤਵੱਜੋ ਦੇ ਰਿਹਾ ਹੈ। ਇਸ ਦੀ ਇਹ ਕਵਿਤਾ ਸ਼ਬਦਾਂ ਵਿਚਲੀ ਤਾਕਤ ਨੂੰ ਪਹਿਚਾਣਦੀ ਗੋਸ਼ਟਿ ਰਚਾਉਣ, ਸੱਚੀ-ਸੁੱਚੀ ਕਿਰਤ ਤੇ ਪਹਿਰਾ ਦੇਣ ਤੇ ਧਰਮ ਨਿਰਪੱਖਤਾ ਦਾ ਪੈਗਾਮ ਦੇ ਮਾਇਨੇ ਜਾਣਦੀ ਹੈ। ਇਹ ਧੜਕਦੀ ਜ਼ਿੰਦਗੀ ਅੰਦਰ ਹੀ ਮਾਨਵੀ ਵਿਕਾਸ ਦੇ ਰਾਹਾਂ ਦੀਆਂ ਤਸਵੀਰਾਂ ਬਣਾਉਦੀ ਜੀਵੰਤ ਸੰਗੀਤ ਦੀਆਂ ਧੁਨਾਂ ਵਿਚੋਂ ਜਿਉਂਦੇ ਸੰਸਾਰ ਨੂੰ ਨਿਹਾਰਦੀ ਹੈ। ਮਨੁੱਖੀ ਸੰਵੇਦਨਾ ਕੋਲ ਹੀ ਇਹ ਅਹਿਸਾਸ ਹੈ ਪਰ ਮਸ਼ੀਨ ਦੇ ਪੁਰਜ਼ਿਆਂ ਕੋਲ ਨਹੀਂ ਹੈ। ਕਵੀ ਦਾ ਇਹ ਸਵਾਲ ਪੁੱਛਣਾ ਕੀ ਰੋਬੋ ਡੇਵਿਡ ਕੋਪ ਦੇ ਸੰਗੀਤ ਨੂੰ

ਜਿਉਂਦਾ ਕਰ ਸਕਦਾ ਹੈ ? ਇਸ ਪਿੱਛੇ ਸੁਣਨ ਅਤੇ ਗਾਉਣ ਦੀ ਸੰਗੀਤਕ ਰਮਜ਼ ਕੰਮ ਕਰ ਰਹੀ ਹੈ। ਉਹ ਮਹਿਸੂਸਦਾ ਹੈ ਕਿ ਸੂਖਮ ਅਹਿਸਾਸਾਂ ਦੀ ਨਵੀਂ ਉਡਾਣ ਮਨੁੱਖ ਹੀ ਭਰ ਸਕਦਾ ਹੈ ਮਸ਼ੀਨ ਨਹੀਂ। ਮਸ਼ੀਨ ਕਾਰਜ ਕਰ ਸਕਦੀ ਹੈ ਪਰ ਉਹ ਕਾਰਜ ਅੰਦਰਲੀ ਗਤੀਸ਼ੀਲਤਾ ਨੂੰ ਨਹੀਂ ਫੜ ਸਕਦੀ। ਇਹ ਕਵਿਤਾ ਕੰਮ ਕਰਨ ਅਤੇ ਕਿਰਤ ਕਰਨ ਵਿਚਲੇ ਫਰਕ ਨੂੰ ਪਹਿਚਾਣਦੀ ਹੈ। ਕਿਰਤ ਇਕਹਿਰੀ ਹੋਂਦ ਨਹੀਂ ਹੁੰਦੀ ਬਲਕਿ ਕਾਇਨਾਤ ਵਿਚ ਫੈਲਦੀ ਨਵੀਂ ਸਿਰਜਣਾ ਦਾ ਉਤਪਾਦਨ ਕਰਦੀ ਹੈ। ਕਵਿਤਾ ਵਿਚ ਬਾਬੇ ਨਾਨਕ ਦਾ ਕਰਤਾਰਪੁਰ ਖੇਤੀ ਕਰਨਾ ਵੀ ਜੀਵਨ ਦੇ ਅਰਥ ਵਿਚ ਨਵਾਂ ਰੰਗ ਭਰਦਾ ਹੈ ਉਥੇ ਸਵੀ ਸ਼ਾਬਦਿਕ ਕਿਰਤ ਕਰਦਾ ਹੋਇਆ ਅੰਦਰਲੇ ਸੰਸਾਰ ਨਾਲ ਇਕ-ਮਿੱਕ ਹੁੰਦਾ ਹੈ। ਉਹ ਸ਼ਬਦਾਂ ਦੇ ਕਾਰਜ ਨੂੰ ਮਸ਼ੀਨ ਦੇ ਕਾਰਜ ਦੇ ਸਨਮੁੱਖ ਰੱਖਕੇ ਵਾਚਦਾ ਹੈ ਤੇ ਸ਼ਬਦਾਂ ਵਿਚਲੀ ਤਾਕਤ ਕਹਿਣਾ, ਕਰਨਾ ਅਤੇ ਸਮਝਾਉਣਾ ਆਦਿ ਤੇ ਕੇਂਦਰਿਤ ਕਰਦਾ ਹੈ।ਕਵੀ ਗਿਆਨ ਇੰਦਰੀਆਂ ਦੇ ਅਨੁਭਵਾਂ ਨੂੰ ਸ਼ਬਦਾਂ ਵਿਚ ਬੰਨ੍ਹ ਕੇ ਅਸਲ ਸੰਸਾਰ ਦੀ ਤਸਵੀਰ ਪੇਸ਼ ਕਰਦਾ ਹੈ। ਉਹ ਇਸ ਸਿਰਜਣ ਪ੍ਰਕਿਰਿਆ ਵਿਚਲੇ ਗਿਆਨ ਨੂੰ ਕੰਪਿਊਟਰ ਵਿਚ ਬਿਗ ਡਾਟਾ ਤਹਿਤ ਇਕੱਤਰ ਜਾਣਕਾਰੀ ਤੋਂ ਕਿਤੇ ਉਪਰ ਮੰਨਦਾ ਹੈ।

*ਚੀਸ ਬਦਲਦੀ*
*ਦਰਦ ਤੋਂ ਦੁੱਖ 'ਚ*
*ਅਰਥ ਪਹਿਲਾਂ*
*ਫਿਰ ਆਉਂਦਾ ਸ਼ਬਦ*
*ਸਮਝਦਾ*
*ਸਮਝਾਉਂਦਾ*
*ਦੱਸਦਾ*
*ਚੀਸ ਦਰਦ ਤੋਂ ਦੁੱਖ ਦੀ*
*ਵੈਤਰਨੀ ਤੈਰਦਾ*
*ਪਾਰ ਕਰਦਾ*
*ਕੁਦਰਤ ਤੋਂ ਸਮਾਜ ਦੀ*
*ਅਸਥੈਟਿਕਸ*
*ਤੇ ਨੈਤਿਕਤਾ ਦਾ ਸਮਾਜ*[4]

ਪੁਸਤਕ ਦੇ ਦੂਜੇ ਭਾਗ ਵਿਚ ਸਵੀ ਨੇ ਯੁਵਲ ਨੋਆਹ ਹਰਾਰੀ ਦੀਆਂ ਭਵਿੱਖੀ ਮਾਨਵ ਦੀਆਂ ਸੰਭਾਵਨਾਵਾਂ ਦਾ ਵਿਸ਼ਲੇਸ਼ਣ ਕਰਦਿਆਂ ਇਸ ਵਿਸ਼ਵ ਚਿੰਤਨ ਨੂੰ ਕਾਵਿਕ ਚਿੰਤਨ ਰਾਹੀਂ ਸਾਹਮਣੇ ਲਿਆਂਦਾ ਹੈ। ਹਰਾਰੀ ਨੇ ਆਪਣੀ ਪੁਸਤਕ ਵਿਚ ਅਜੋਕੇ ਯੁੱਗ ਨਾਲ ਜੁੜੇ ਪੇਚੀਦਾ ਮਸਲਿਆਂ ਨੂੰ ਰੇਖਾਂਕਿਤ ਕੀਤਾ ਹੈ। ਹਰਾਰੀ ਨੇ ਸਮੱਸਿਆਵਾਂ ਬਾਰੇ ਨੋਟਿਸ ਲੈਂਦੇ ਹੋਏ ਕਿਹਾ ਹੈ ਕਿ ਸਾਰੀਆਂ ਚਿੰਤਾਵਾਂ ਦੂਰ ਕਰਨ ਦਾ ਉਪਾਅ ਇਹ ਨਹੀਂ ਕਿ ਅਸੀਂ ਚਿੰਤਾ ਹੀ ਨਾ ਕਰੀਏ। ਇਹ ਦੇਖਣਾ ਜ਼ਰੂਰੀ ਹੈ ਕਿ ਕਿਹੜੀਆਂ ਚਿੰਤਾਵਾਂ ਸਾਰਥਿਕ ਜਾਂ ਜ਼ਰੂਰੀ ਹਨ ਅਤੇ ਕਿੰਨ੍ਹਾਂ ਬਾਰੇ ਸੋਚਣਾ ਵੀ ਫ਼ਜ਼ੂਲ ਹੈ। ਉਹ ਲਿਖਦਾ ਹੈ: "ਅੱਜ ਦੀਆਂ ਸਭ ਤੋਂ ਵੱਡੀਆਂ ਚੁਣੌਤੀਆਂ ਤੇ ਸਭ ਤੋਂ ਵੱਡੀਆਂ ਤਬਦੀਲੀਆਂ ਕਿਹੜੀਆਂ ਹਨ? ਕਿਹੜੇ ਮੁੱਦੇ ਹਨ ਜਿਨ੍ਹਾਂ ਵੱਲ ਸਿੱਧੇ ਤੌਰ 'ਤੇ ਧਿਆਨ ਦੇਣ ਦੀ ਲੋੜ ਹੈ? ਇਹ ਧਿਆਨ ਕਿੰਨਾ ਕੁ ਹੋਣਾ ਚਾਹੀਦਾ ਹੈ? ਸਾਨੂੰ ਆਪਣੇ ਬੱਚਿਆਂ ਨੂੰ ਇਨ੍ਹਾਂ ਚੁਣੌਤੀਆਂ, ਇਨ੍ਹਾਂ ਮੁੱਦਿਆਂ ਬਾਰੇ ਕੀ ਕੀ ਸਿਖਾਉਣਾ ਚਾਹੀਦਾ ਹੈ ਅਤੇ ਕੀ ਨਹੀਂ ਸਿਖਾਉਣਾ ਚਾਹੀਦਾ?[5]

ਸਵੀ ਦੀ ਕਵਿਤਾ ਹਰਾਰੀ ਦੀਆਂ ਧਾਰਨਾਵਾਂ ਦੀ ਵਿਆਖਿਆ ਹੀ ਨਹੀਂ ਕਰਦੀ ਹੈ ਬਲਕਿ ਮਨੁੱਖੀ ਸੱਭਿਅਤਾ ਤੇ ਨਿਰੰਤਰ ਵਿਕਾਸ ਦੇ ਲਈ ਆਪਣਾ ਮੂਲ ਪਛਾਣਨ 'ਤੇ ਵੀ ਜ਼ੋਰ ਦਿੰਦੀ ਹੈ। ਕਵੀ ਅਵਚੇਤਨ ਪੱਧਰ 'ਤੇ ਵੀ ਸਿਰਜਣਾ ਨੂੰ ਸਦੀਵੀ ਮੰਨਦਾ ਹੈ। ਮੁਹੱਬਤ, ਸਾਂਝ, ਭਾਵਾਂ ਦੀ ਇਕਸੁਰਤਾ, ਅਨੁਭਵ ਤੇ ਤਜ਼ਰਬੇ ਸਭ ਦਾ ਸੰਵੇਦਨਾ ਨਾਲ ਅੰਤਰ ਸਬੰਧ ਜੁੜਦਾ ਹੈ। ਇਸੇ ਲਈ ਇਸ ਕਵਿਤਾ ਦੀ ਕੇਂਦਰੀ ਸੁਰ ਤਕਨਾਲੋਜੀ ਵੱਲ ਝੁਕਣ ਦੀ ਬਜਾਏ ਸੰਵੇਦਨਾ ਦਾ ਬ੍ਰਹਿਮੰਡ ਵਿਚ ਵਿਸਥਾਰ ਕਰਨ ਦੇ ਮੌਕੇ ਤਲਾਸ਼ਣ ਵੱਲ ਹੈ। ਇਸ ਪੁਸਤਕ ਦੇ ਵਿਚ ਇਹ ਸਵਾਲ ਵਾਰ-ਵਾਰ ਉਭਰਦਾ ਹੈ ਕਿ ਕੀ ਇਹ ਤਕਨਾਲੋਜੀ ਮਾਨਵ-ਪੱਖੀ, ਸਮਾਜ-ਪੱਖੀ ਜਾਂ ਵਿਸ਼ਵ ਪੱਖੀ ਗਿਆਨ ਦਾ ਉਤਪਾਦਨ ਕਰ ਰਹੀ ਹੈ? ਅਸਲ ਵਿਚ ਕੰਪਿਊਟਰ ਸਿਰਫ਼ ਜਾਣਕਾਰੀ ਪ੍ਰਦਾਨ ਕਰ ਸਕਦੇ ਹਨ ਗਿਆਨ ਨਹੀਂ। ਇਥੇ ਡਾ.ਹਰਿਭਜਨ ਸਿੰਘ ਭਾਟੀਆ ਦੀ ਸੂਚਨਾ ਕ੍ਰਾਂਤੀ ਬਾਰੇ ਦਿੱਤੀ ਧਾਰਨਾ ਢੁੱਕਵੀਂ ਹੈ :-

ਕਿਸੇ ਵੀ ਖੇਤਰ ਦੀ ਸਮਝ ਲਈ ਤੱਥਾਂ ਨੂੰ ਇਕੱਠੇ ਕਰਨਾ ਪੈਂਦਾ ਹੈ ਤੱਥ ਸਾਨੂੰ ਸੂਚਨਾ ਦੇਂਦੇ ਹਨ ਪਰੰਤੂ ਸੂਚਨਾ ਗਿਆਨ ਨਹੀਂ ਹੁੰਦੀ ... ਸੂਚਨਾ ਨੂੰ ਗਿਆਨ ਵਿਚ ਬਦਲਣ ਲਈ ਇਸ ਨੂੰ ਮਤ ਮਨ- ਬੁੱਧ ਨਾਲ ਰਿੜਕਣਾ ਢੰਢੋਲਣਾ ਪੈਂਦਾ ਹੈ। ਰਿੜਕਣ-ਢੰਢੋਲਣ ਦੀ ਪ੍ਰਕਿਰਿਆ ਵਿਚੋਂ ਕੁਝ ਪੈਦਾ ਹੁੰਦਾ ਹੈ, ਸਮਝ ਵਰਗਾ, ਸੂਤਰਾਂ ਜੇਹਾ। ਇਹ ਤੱਥਾਂ ਦੀ ਵੀ ਮੁੜ ਪੇਸ਼ਕਾਰੀ ਨਹੀਂ ਹੁੰਦੀ, ਉਹਨਾਂ ਪ੍ਰਤਿ ਸਮਝ ਹੁੰਦੀ ਹੈ।[6]

ਸਵੀ ਨੇ ਮਨੁੱਖੀ ਸੱਭਿਅਤਾ ਦੇ ਵਿਕਾਸ ਦੇ ਵਿਚ ਵੱਖੋ-ਵੱਖਰੇ ਇਤਿਹਾਸਿਕ ਪੜਾਵਾਂ ਨੂੰ ਵਾਚਦਿਆਂ ਦੋ ਵਰਗਾਂ ਦੀ ਆਪਸੀ ਜੱਦੋ-ਜਹਿਦ ਦੇ ਵਿਭਿੰਨ ਰੂਪਾਂ ਨੂੰ ਕਥਾ ਵਿਚ ਚਿਹਨਤ ਕੀਤਾ। ਜਿਸ ਦੀਆਂ ਕਈ ਸ਼ੇਡਜ਼ ਇਸ ਕਵਿਤਾ ਵਿਚੋਂ ਵੇਖੀਆਂ ਜਾ ਸਕਦੀਆਂ ਹਨ। ਜਮਾਤੀ ਘੋਲ ਦਾ ਜ਼ਿਕਰ ਕਵੀ ਇਸ ਨੂੰ ਸਮਾਜ ਵਿਚਲੇ ਅਸਾਵੇਂਪਣ ਨੂੰ ਦੂਰ ਕਰਨ ਤੇ ਬਰਾਬਰਤਾ ਦਾ ਸਮਾਜ ਸਿਰਜਣ ਲਈ ਭੂਮਿਕਾ ਨਿਭਾਉਣ ਵਾਲੀ ਕਥਾ ਰਾਹੀਂ ਕਰਦਾ ਹੈ। ਇਹ ਕਵਿਤਾ ਹਰ ਘਟਨਾ-ਕਰਮ ਦਾ ਸਬਕ ਨਿਰਧਾਰਤ ਕਰਦਿਆਂ ਇਤਿਹਾਸਕ/ਸਮਾਜਕ ਪ੍ਰਸੰਗ ਤਹਿਤ ਵਕਤ ਦਾ ਟਰਨਿੰਗ ਪੁਆਇੰਟ ਵੀ ਸਾਬਿਤ ਕਰਦੀ ਹੈ। ਰਾਸ਼ਟਰੀ-ਅੰਤਰਰਾਸ਼ਟਰੀ ਵਰਤਾਰੇ ਦੀ ਸਮਾਜ ਦੇ ਅੰਦਰ ਤੇ ਬਾਹਰ ਹੋਈ ਤਬਦੀਲੀ ਨੇ ਮਾਨਵੀਂ ਸੰਵੇਦਨਾ ਨੂੰ ਵੀ ਝੰਜੋੜਿਆ। ਵਿਸ਼ਵ ਯੁੱਧ, ਫਾਸ਼ੀਵਾਦ ਤੇ ਕਮਿਊਨਿਜ਼ਮ ਨੇ ਇਤਿਹਾਸ ਵਿਚ ਇਹ ਜੋ ਨਵਾਂ ਦ੍ਰਿਸ਼ ਸਾਹਮਣੇ ਆਇਆ ਉਸ ਵਿਚਲੇ ਦਵੰਦਾਂ ਵੱਲ ਵੀ ਕਵਿਤਾ ਨੇ ਇਸ਼ਾਰਾ ਕੀਤਾ। ਸਵੀ ਨੇ ਵਿਸ਼ਵ ਵਿਚ ਹੁੰਦੀ ਉੱਥਲ-ਪੁੱਥਲ ਦੀਆਂ ਘਟਨਾਵਾਂ ਦਾ ਜ਼ਿਕਰ ਕਰਦਿਆਂ ਇਸ ਨੂੰ ਇਤਿਹਾਸਿਕ ਬਿਰਤਾਂਤ ਵਿਚ ਉਲੀਕਿਆ ਜਿਸ ਦਾ ਵਰਤਮਾਨੀ ਪ੍ਰਸੰਗ ਵੀ ਹੈ ਜਿਵੇਂ ਸੋਵੀਅਤ ਯੂਨੀਅਨ ਦਾ ਬਿਖਰਨਾ, ਵਿਸ਼ਵ ਵਿਚ ਇਕ ਮਹਾਂਸ਼ਕਤੀ ਦਾ ਉਭਾਰ ਹੋਣਾ, ਕਾਰਪੋਰੇਟ ਦਾ ਖੁੱਲੀ ਮੰਡੀ ਦਾ ਪ੍ਰਚਾਰ ਤੇ ਦੁਨੀਆਂ ਨੂੰ ਗਲੋਬਲ ਪਿੰਡ ਸਥਾਪਤ ਕਰਨਾ। ਕਵੀ ਸਮੇਂ-ਸਮੇਂ ਤੇ ਸਮਾਜ ਵਿਚ ਕਰਵਟ ਲੈਂਦੀ ਸਥਿਤੀ ਨੂੰ ਅਭਿਵਿਅਕਤ ਕਰਦਿਆਂ ਸੱਤਾਰੂੜ ਜਮਾਤ ਦਾ ਲੋਕਾਂ ਦੀ ਵਿਚਾਰਾਂ ਦੀ ਆਜ਼ਾਦੀ ਨੂੰ ਕੁਚਲਣ ਲਈ ਰੋਕਾਂ, ਹੱਕਾਂ ਲਈ ਲੜਣ ਵਾਲਿਆਂ ਨੂੰ ਮਿਲੇ ਖ਼ਿਤਾਬ ਦੀ ਗੱਲ ਕਥਾ ਰਾਹੀਂ ਸੁਣਾਉਂਦਾ ਹੈ। ਲਿਬਰਲ ਡੈਮੋਕਰੇਸੀ ਨੂੰ ਬੀਤ ਗਏ ਦੀ ਗੱਲ ਕਹਿਣਾ ਵੀ ਅਜੋਕੇ ਸਮੇਂ ਸੰਵਾਦ ਦੀ ਮੰਗ ਕਰਦਾ ਹੈ। ਕਵੀ ਦਾ ਮੰਨਣਾ ਹੈ ਕਿ ਹੁਣ ਸਥਿਤੀ ਇਸ ਤੋਂ ਵੀ ਅੱਗੇ ਲੰਘ ਗਈ ਹੈ। ਇਹ ਧਾਰਨਾ ਵੀ ਬਹਿਸਗੋਚਰੀ ਹੈ ਜਿਸ ਵਿਚੋਂ ਸਿਧਾਂਤਕ ਗੁੰਝਲ ਪ੍ਰਗਟਦੀ ਹੈ। ਇਸ ਕਵਿਤਾ ਵਿਚਲੇ ਪਾਤਰ ਦਾ ਕਿਤੇ ਨਾ ਕਿਤੇ ਕਰਕੇ ਵਰਗ ਸੰਘਰਸ਼ ਤੋਂ ਵਿਸ਼ਵਾਸ ਉਠ ਗਿਆ ਜਾਪਦਾ ਹੈ। ਜੇਕਰ ਸਮੁੱਚੇ ਵਿਸ਼ਵ ਵਿਚ ਝਾਤੀ ਮਾਰੀਏ ਤਾਂ ਐਸੋਚੈਮ ਦੀ ਰਿਪੋਰਟ ਦੇ ਮੁਤਾਬਕ ਵਿਸ਼ਵ ਵਿਚ ਆਰਥਿਕ ਪਾੜਾ ਅਤੇ ਗ਼ੈਰ-ਬਰਾਬਰੀ ਵੱਧ ਰਹੀ ਹੈ। ਇਹੋ ਜਿਹੇ ਹਾਲਤਾਂ ਨਾਲ ਟੱਕਰ ਲਾਜ਼ਮੀ ਹੈ। ਇਤਿਹਾਸ ਗਵਾਹ ਹੈ ਜਿਸ ਸਮੇਂ ਹੀ ਮਨੁੱਖ ਦੀ ਹੋਂਦ 'ਤੇ ਖਤਰਾ ਵਧਿਆ ਤਾਂ ਲੋਕ ਸੰਘਰਸ਼ਾਂ ਨੇ ਆਪਣਾ ਪਿੜ ਮੱਲਿਆ। ਇਸ ਵਿਚਾਰ ਨੂੰ ਕਦੇ ਵੀ ਨਕਾਰਿਆ ਨਹੀਂ ਜਾ ਸਕਦਾ ਕਿਉਂਕਿ ਸਮਾਜ ਵਿਚ ਬਦਲ ਲਿਆਉਣ ਲਈ ਸੰਘਰਸ਼ਾਂ ਦੀ ਆਪਣੀ ਭੂਮਿਕਾ ਹੁੰਦੀ ਹੈ। ਜਦੋਂ ਤੱਕ ਜਮਾਤੀ ਸਮਾਜ ਰਹੇਗਾ ਸੰਘਰਸ਼ਾਂ ਦੀ ਸਾਰਥਿਕਤਾ ਬਣੀ ਰਹੇਗੀ। ਹੁਣ ਵਿਸ਼ਵ ਪੱਧਰ ’ਤੇ ਉਠ ਰਹੀਆਂ ਲੋਕ ਲਹਿਰਾਂ ਮਾਨਵੀਂ ਸਿਰਜਣਾ ਦਾ ਪ੍ਰਮਾਣ ਦੇ ਰਹੀਆਂ ਹਨ। ਯੂਰਪੀਅਨ ਦੇਸ਼ਾਂ ਵਿਚ ਸਰਫਾ ਨੀਤੀਆਂ ਪ੍ਰਤੀ ਵਿਰੋਧ ਹੋਵੇ ਚਾਹੇ ਭਾਰਤ ਦੇ ਵਿਚ ਕਾਰਪੋਰੇਟ ਪੱਖੀ ਨੀਤੀਆਂ ਵਿਰੁੱਧ ਚੱਲਿਆ ਕਿਸਾਨ ਅੰਦੋਲਨ ਵੀ ਇਸ ਦੀ ਮੂੰਹ ਬੋਲਦੀ ਮਿਸਾਲ ਹੈ। ਇਸ ਪੁਸਤਕ ਵਿਚ ਮਨੁੱਖ ਨੂੰ ਕੰਟਰੋਲ ਕਰਨ ਲਈ ਤਕਨਾਲੋਜੀ ਦੀਆਂ ਸਾਜ਼ਿਸ਼ਾਂ ਦੇ ਵੱਖੋ-ਵੱਖਰੇ ਪਹਿਲੂ ਇਸ ਪੁਸਤਕ ਦੇ ਜ਼ਰੀਏ ਕਈ ਪ੍ਰਸ਼ਨ ਖੜ੍ਹੇ ਕਰਦੇ ਹਨ।

*ਕਥਾ ਤੁਰ ਪਈ*
*ਸਰੀਰ ਨੂੰ ਕਾਬੂ ਕਰ*
*ਮਨ ਨੂੰ ਡਿਜ਼ਾਈਨ ਕਰਨ ਵੱਲ*
*ਅੰਤਰ ਮਨ ਦੀ*
*ਕੀ, ਕਿਉਂ ਤੇ ਕਿਵੇਂ*
*ਆਪਣੇ ਹੁਕਮ 'ਚ*
*ਕਰਨ ਦੀ......*

*ਇਨਫੋ-ਬਾਇਓਟੈੱਕ ਦੀ*
*ਬਲੌਂਕਚੇਨ ਤਾਂ ਚੱਲ ਪਈ ਹੁਣ....*[7]

ਕਵੀ ਅੰਦਰ ਦਵੰਦ ਚੱਲ ਰਿਹਾ ਹੈ। ਉਸ ਦੇ ਇਕ ਪਾਸੇ ਹਰਾਰੀ ਦਾ ਚਿੰਤਨ ਜੋ ਕਹਿ ਰਿਹਾ ਹੈ ਕਿ ਮਨੁੱਖ ਮਸ਼ੀਨ ਦਾ ਗ਼ੁਲਾਮ ਹੋ ਜਾਵੇਗਾ। ਦੂਜੇ ਪਾਸੇ ਅਜਿਹੀ ਸਥਿਤੀ ਦਾ ਮੁਕਾਬਲਾ ਕਰਨ ਲਈ ਕਿਹੜੇ ਰਾਹ ਅਖਤਿਆਰ ਕਰਨ ਦੀ ਲੋੜ ਪਵੇਗੀ। ਕਵੀ ਅਜਿਹੀ ਸਥਿਤੀ ਨਾਲ ਦਸਤਪੰਜਾ ਲੈਣ ਦੀ ਲੋੜ ਮਹਿਸੂਸ ਕਰ ਰਿਹਾ ਹੈ। ਸਵੀ ਦਾ ਮੰਨਣਾ ਹੈ ਕਿ ਮਨੁੱਖੀ ਚੇਤਨਾ ਦਾ ਨੈੱਟਵਰਕ ਵਧਾਉਣਾ ਪਵੇਗਾ। ਇਸ ਕਵਿਤਾ ਸਾਹਵੇਂ ਇਹ ਸਵਾਲ ਵੀ ਖੜ੍ਹਾ ਹੁੰਦਾ ਹੈ ਕਿ ਨਵੀਆਂ ਚੁਣੌਤੀਆਂ ਨਾਲ ਸਿੱਝਣ ਲਈ ਨਵੀਂ ਚੇਤਨਾ ਪੈਦਾ ਕਰਨ ਵਾਲੇ ਕਿਹੜੇ ਪਦਾਰਥਕ ਹਾਲਾਤ ਬਣ ਗਏ ਉਸ ਲਈ ਕਵਿਤਾ ਕੀ ਜ਼ਿੰਮੇਵਾਰੀ ਨਿਭਾਵੇਗੀ। ਸੁਖਦੇਵ ਸਿੰਘ ਦਾ ਮੰਨਣਾ ਹੈ :-

> ਸੰਕਟ ਦੇ ਮੂੰਹ ਆਏ ਸਮਿਆਂ ਵਿਚ ਭਾਵੇਂ ਕਵਿਤਾ ਜਾਂ ਕਲਾ ਅਲਪ ਸਰੋਕਾਰਾਂ ਦੀ ਕਲਾ ਨਹੀਂ ਹੁੰਦੀ, ਸਗੋਂ ਇਹ ਨਿੱਕੇ, ਨਿਗੂਣੇ ਯੁੱਧਾਂ 'ਤੇ ਤਬਸਰਾ ਹੋ ਨਿਬੜਦੀ ਹੈ। ਕਾਵਿ ਦਾ ਕਰਤਾਰੀ ਧਰਮ ਇਹੋ ਹੈ ਕਿ ਇਹ ਮਨੁੱਖ ਦੇ ਨਿੱਕੇ, ਅਲਪ ਜਾਂ ਨਿਗੂਣੇ ਸੰਘਰਸ਼ਾਂ ਨੂੰ ਵੀ ਸਨਦ-ਬੋਧ ਕਰਦੀ ਹੈ।[8]

ਸਵੀ ਦੀ ਕਵਿਤਾ ਸੰਕੇਤ ਕਰਦੀ ਹੈ ਮਨੁੱਖ ਨੂੰ ਅੰਦਰੋਂ ਤੋਂ ਬਾਹਰੋ ਗ਼ੁਲਾਮੀ ਵਿਚ ਜਕੜਨ ਦੇ ਲਈ ਕਾਰਪੋਰੇਟੀ ਨੈੱਟਵਰਕ ਭਰਮ ਸਿਰਜਦਿਆਂ ਡਾਟਾ ਕੇਂਦਰਿਤ ਜਾਣਕਾਰੀ ਨੂੰ ਵਿਸ਼ਵੀ ਗਿਆਨ ਨਿਰਧਾਰਤ ਕਰ ਰਿਹਾ ਹੈ। ਨੈੱਟਵਰਕ ਦੇ ਚੱਕਰਵਿਊ ਨੇ ਮਨੁੱਖ ਨੂੰ ਜਕੜ ਲਿਆ ਹੈ। ਮਨੁੱਖ ਇਸ ਦਾ ਗ਼ੁਲਾਮ ਬਣਿਆ ਹੋਇਆ ਇਸ ਨੂੰ ਆਪਣਾ ਸਦੀਵੀ ਰਿਸ਼ਤਾ ਬਣਾ ਬੈਠਾ ਹੈ। ਆਨਲਾਈਨ ਦੀ ਦੁਨੀਆਂ ਹੀ ਉਸ ਲਈ ਨੇੜੇ ਦੀ ਦੁਨੀਆਂ ਬਣ ਚੁੱਕੀ ਹੈ। ਇਸ ਵਰਤਾਰੇ ਨੇ ਮਨੁੱਖ ਨੂੰ ਸਮੂਹਿਕਤਾ ਨਾਲੋਂ ਤੋੜ ਕੇ ਆਪਣੇ ਤੇ ਸਿਮਟ ਕੇ ਰੱਖ ਦਿੱਤਾ ਹੈ। ਦੁਨੀਆਂ ਇਕ ਪਿੰਡ ਬਣ ਗਿਆ ਹੈ ਦੀ ਧਾਰਨਾ ਹਕੀਕਤ ਵਿਚ ਬੰਦੇ ਨੂੰ ਬੰਦੇ ਤੋਂ ਤੋੜ ਰਹੀ ਹੈ। ਕਵੀ ਦਾ ਮੰਨਣਾ ਹੈ ਕਿ ਕੋਈ ਨਵੀਂ ਤਕਨਾਲੋਜੀ ਮਨੁੱਖ ਫਾਇਦੇ ਲਈ ਈਜਾਦ ਕਰਦਾ ਹੈ ਪਰ ਇਸ ਦੇ ਨਾਲ ਬਹੁਤ ਸਾਰੇ ਨੁਕਸਾਨ ਵੀ ਜੁੜੇ ਹੁੰਦੇ ਹਨ। ਇਸ ਤੋਂ ਵੱਡਾ ਸੰਕਟ ਹੋਰ ਕੀ ਹੋ ਸਕਦਾ ਹੈ ਜਦੋਂ ਮਸ਼ੀਨ ਦਾ ਕੰਟਰੋਲ ਮਨੁੱਖ ਦੇ ਹੱਥ ਵਿਚ ਨਾ ਰਹੇ ਉਲਟ ਮਨੁੱਖ ਹੀ ਉਸ ਦੇ ਕੰਟਰੋਲ ਵਿਚ ਹੋ ਜਾਵੇ। ਇਸ ਨਵੀਂ ਤਕਨੀਕ ਨੇ ਮਨੁੱਖ ਨੂੰ ਆਪਣੇ ਸ਼ਿਕੰਜੇ ਵਿਚ ਕੱਸਿਆ ਹੈ ਕਿ ਮਨੁੱਖ ਦੇ ਕਾਰ-ਵਿਹਾਰ ਵਿਚ ਸਿੱਧੀ ਦਖ਼ਲ-ਅੰਦਾਜ਼ੀ ਮਸ਼ੀਨ ਦੀ ਹੋ ਗਈ ਹੈ। ਇਹ ਚਿੰਤਾ ਦਾ ਵਿਸ਼ਾ ਹੈ ਕਿ ਨੈੱਟਵਰਕ ਉੱਤੇ ਮਨੁੱਖ ਦੀ ਪੂਰੀ ਨਿਰਭਰਤਾ ਮਨੁੱਖੀ ਹੋਂਦ ਨੂੰ ਖਤਮ ਕਰ ਰਹੀ ਹੈ ਤੇ ਭਵਿੱਖ ਵਿਚ ਮਨੁੱਖ ਦੀ ਹੋਂਦ ਕੀ ਹੋਵੇਗੀ? ਕਵੀ ਮਨੁੱਖ ਵਿਚਲੇ ਬਦਲਾਅ ਦਾ ਅਤੀਤ, ਵਰਤਮਾਨ ਤੇ ਭਵਿੱਖ ਨੂੰ ਸਨਮੁੱਖ ਰੱਖ ਕੇ ਵਾਚਦਾ ਹੈ:-

*ਮਨੁੱਖ ਨੇ*
*ਹਾਸ਼ੀਆਗਤ ਕੀਤਾ ਮਨੁੱਖ*
*ਧੁੰਦਲਾ ਕੀਤਾ ਉਸਦਾ*
*ਧਰਮ ਵਿਰਸਾ*
*ਸਭਿਆਚਾਰ ਬੋਲੀ*
*ਪਹਿਚਾਣ ਤੇ ਮਾਰਿਆ ਪੂੰਝਾ*
*ਉਸ ਤੋਂ ਜ਼ਿੰਦਗੀ ਦੇ*
*ਅਰਥ ਨਾ ਖੋਹ ਸਕਿਆ*
*ਇਰਰੈਲੇਵੈਂਟ ਨਾ ਕਰ ਸਕਿਆ*
*ਜਿਵੇਂ ਕੀਤਾ ਸੀ ਉਸ*
*ਬਾਕੀ ਨਸਲਾਂ ਨੂੰ ਪਹਿਲਾਂ*
*ਹੁਣ ਸਮੇਂ ਦੀ ਪਲਟੀ ਮੂਹਰੇ*
*ਐਲਗੋਰਿਦਮਜ਼ ਦੀ ਸਮਰਥਾ ਤੋਂ*
*ਭੈਭੀਤ ਹੋ ਦੇਖ ਰਿਹਾ*
*ਕਿੰਝ ਹੋ ਜਾਣਾ*

*ਅੱਧੀ ਲੋਕਾਈ ਨੇ*
*ਬੇਤੁੱਕੀ ਜਿਉਣ ਨੂੰ ਮਜਬੂਰ*
*ਖ਼ੈ ਰਾਤ ਹੋਵੇਗੀ*
*ਸੁਪਨਾ ਨਹੀਂ*
*ਮਨੁੱਖ ਦਿਸੇਗਾ*
*ਕੁਝ ਸਮਾਂ*
*ਫਿਰ ਬਦਲ ਜਾਵੇਗੀ*
*ਉਸਦੀ ਨਸਲ*
*ਜਿਵੇਂ ਹੁਣ*
*ਦਿਸਦਾ ਹੈਂ ਬਾਂਦਰ ਉਸਨੂੰ*
*ਇਰਰੈਲੇਵੈਂਟ*
*ਸ਼ਾਇਦ ਧਰਤੀ ਤੇ ਉਸਦਾ ਹੱਕ ਨਾ ਰਹੇ*
*ਐਲਗੋਰਿਦਮ ਕਰੇਗਾ ਰਾਜ!*
*ਆਪੇ ਸਿਰਜੀ*
*ਤੇਜ਼ ਕਦਮੀ ਤੋਂ ਤ੍ਰਹਿ ਰਿਹਾ !!*[9]

ਪੁਸਤਕ ਦੇ ਤੀਜੇ ਭਾਗ 'ਧੁਨਿ' ਦੇ ਵਿਚ ਕਵੀ ਨੇ ਮਨੁੱਖ ਤੇ ਕੁਦਰਤ ਨਾਲ ਜੁੜੇ ਦੇ ਗਤੀਮਾਨ ਸੂਖ਼ਮ ਪੱਖਾਂ, ਪਹਿਲੂਆਂ ਤੇ ਪਸਾਰਾਂ ਨੂੰ ਬਰੀਕਬੀਨੀ ਨਾਲ ਅਭਿਵਿਅਕਤ ਕੀਤਾ ਹੈ। ਇਕ ਪਾਸੇ ਉਹ ਮਨੁੱਖ ਦੇ ਦੁੱਖ ਸੁੱਖ ਦੀਆਂ ਰਮਜ਼ਾਂ ਪਹਿਚਾਣਦਾ ਹੈ ਤੇ ਦੂਜੇ ਪਾਸੇ ਕੁਦਰਤ ਅੰਦਰਲੀ ਰਿਦਮ ਨੂੰ ਵੀ ਮਹਿਸੂਸ ਕਰਦਾ ਹੈ। ਚੁੱਪ ਅੰਦਰਲੀ ਅਵਾਜ਼ ਨੂੰ ਸੁਣਦਾ, ਮਨੁੱਖ ਦੀ ਧੁਰ ਅੰਦਰੋਂ ਨਿਕਲੇ ਸੰਗੀਤ ਨੂੰ ਮਾਣਦਾ, ਮਾਨਵੀ ਸਨੇਹ ਤੇ ਮਾਨਵ ਜ਼ਿੰਮੇਵਾਰੀ ਵਾਲੀ ਸੰਵੇਦਨਾ ਦੀ ਅਭਿਵਿਅਕਤੀ ਕਰਦਾ ਹੈ। ਛੋਟੇ-ਛੋਟੇ ਕਾਵਿ ਬਿਰਤਾਂਤਾਂ ਅੰਦਰ ਵੱਡੇ ਅਰਥ ਭਰਦਾ ਹੈ। ਪੁਸਤਕ ਦੇ ਚੌਥੇ ਭਾਗ 'ਮੂਰਤਿ' ਵਿਚ ਵਿਗੋਚੇ ਪਲਾਂ ਨੂੰ ਸਾਂਭਣ ਦਾ ਜਤਨ ਕਰਦਾ ਹੋਇਆ ਕਵੀ ਕਿਤੇ ਅਤੀਤ ਦੇ ਸੁਖਨ ਪਲਾਂ ਦਾ ਅਹਿਸਾਸ ਕਰਦਾ ਹੈ ਤੇ ਬੀਤੇ ਵਰਤਮਾਨ ਦੇ ਕੌੜੇ-ਕੁਸੈਲੇ ਪਲਾਂ ਨੂੰ ਹੰਢਾਉਣ ਦੀ ਜਾਚ ਦੱਸਦਾ ਹੈ। ਮਾਨਵੀ ਕਦਰਾਂ ਕੀਮਤਾਂ ਦੇ ਆਰ-ਪਾਰ ਖੌਲਦਾ ਕਵੀ ਇਕੱਲਤਾ ਤੇ ਗਲੋਬਲ ਬਾਜ਼ਾਰ ਦੇ ਪ੍ਰਭਾਵਾਂ ਨੂੰ ਵੀ ਆਪਣੇ ਪੈਰਾਮੀਟਰ ਰਾਹੀਂ ਮਾਪਦਾ ਹੈ। ਕਵਿਤਾ ਦੇ ਪਾਤਰ ਕੋਲ ਉਦਾਸੀ ਦਾ ਲਿਬਾਸ ਉਤਾਰਨ ਦਾ ਵਲ ਵੀ ਹੈ।

ਸਮੁੱਚੇ ਰੂਪ ਦੇ ਵਿਚ ਮਨ ਦੀ ਚਿੱਪ ਸੰਵੇਦਨਸ਼ੀਲ ਭਾਵਾਂ ਦਾ ਉਹ ਪ੍ਰਵਚਨ ਹੈ ਜੋ ਸਿਰਜਨਾਤਮਕ ਸੰਭਾਵਨਾਵਾਂ ਨੂੰ ਜਨਮ ਦਿੰਦਾ ਹੈ। ਮਨੁੱਖ ਦੀ ਆਜ਼ਾਦੀ ਬਰਾਬਰੀ ਦੇ ਸੁਪਨੇ ਬੁਣਦਾ ਹੋਇਆ ਅਣਇੱਛਿਤ ਵਰਤਾਰਿਆਂ ਦਾ ਸਾਮ੍ਹਣਾ ਕਰਨ ਲਈ ਅਸਤਿਤਵ ਮੂਲਕ ਸੰਵੇਦਨਾ ਦਾ ਪ੍ਰਸਾਰ ਕਰਦਾ ਨਜ਼ਰ ਆਉਂਦਾ ਹੈ। ਸੰਬੋਧਨੀ ਸੁਰ ਵਿਚ ਲਿਖੀ ਇਹ ਕਵਿਤਾ ਮਨੁੱਖੀ ਹੋਂਦ ਨੂੰ ਬਚਾਉਣ ਲਈ ਤੱਤਪਰ ਹੈ। ਵਰਤਮਾਨ ਯਾਂਤਰਿਕ ਸਭਿਅਤਾ ਦੇ ਸਾਹਮਣੇ ਮਾਨਵੀ ਸਭਿਅਤਾ ਦਾ ਬਿੰਬ ਉਸਾਰਦੀ ਹੋਈ ਹੈਕ ਹੋ ਰਹੇ ਮਨੁੱਖ ਨੂੰ ਬਚਾਉਣ ਤੇ ਇੰਨਫੋ-ਬਾਇਓਟੈੱਕ ਦੇ ਬਣਾਏ ਜਾ ਰਹੇ ਰੋਬੋ ਮਨੁੱਖ ਦੇ ਬਦਲ ਲਈ ਮਾਨਵੀ ਸੰਵੇਦਨਾ ਦੀਆਂ ਸੰਭਾਵਨਾਵਾਂ ਬਾਰੇ ਕਵਿਤਾ ਸੰਵਾਦ ਛੇੜਦੀ ਹੈ। ਇਸ ਕਵਿਤਾ ਦੀ ਇਹ ਖ਼ੂਬੀ ਹੈ ਕਿ ਇਹ ਮਾਨਵੀ ਚੇਤਨਾ ਦਾ ਸੰਵਾਹਕ ਬਣਕੇ ਭਵਿੱਖੀ ਚੁਣੌਤੀਆਂ ਦਾ ਮੁਕਾਬਲਾ ਕਰਨ ਦਾ ਰਾਹ ਤਲਾਸ਼ਣ ਲਈ ਲੋਕਾਂ ਨੂੰ ਸੰਬੋਧਿਤ ਹੁੰਦੀ ਹੈ। ਕਵੀ ਦੀ ਫ਼ਿਕਰਮੰਦੀ ਕਵਿਤਾ ਵਿਚ ਵਾਰ-ਵਾਰ ਉਪਜਦੀ ਹੈ।

*ਜੀਵਨ ਦੇ ਕੀ ਮਾਅਨੇ ?*
*ਸਦੀਆਂ ਤੋਂ ਚਿੱਥਿਆ ਜਾ ਰਿਹਾ*
*ਧਰਮ, ਸਾਇੰਸ ਤੇ ਰਾਜਨੀਤੀ*
*ਸਮਾਂ ਵਿਹਾ ਰਹੇ*
*ਸਬਰ ਫ਼ਲਸਫੀ ਕੋਲ ਤਾਂ ਹੁੰਦਾ*
*ਧਨ- ਕੁਬੇਰ ਕੋਲ ਨਹੀਂ*
*ਉਹ ਤਾਂ*

*ਹਰ ਨਵੇਂ ਖਾਲ 'ਚੋਂ*
*ਖੱਟਣਾ ਚਾਹੇ*
*ਮੁਨਾਫ਼ੇ ਦੀ ਫਸਲ*
*ਕਿੰਨੀ ਕੁ ਦੇਰ*
*ਲੱਭਦੇ ਰਹਾਂਗੇ*
*ਜੀਵਨ ਦੀ ਉਹੀ ਮਾਅਨੇ !*
*ਤੇਜ਼ੀ ਨਾਲ ਇਕ ਹੋ ਰਹੇ*
*ਇਨਫੋ ਤੇ ਬਾਇਓਟੈੱਕ ਦੇ*
*ਦਹਾੜਦੇ ਸੈਲਾਬ ਮੂਹਰੇ*
*ਸਦੀਆਂ ਮਿੰਟਾ ਚ ਬਦਲ ਰਹੀਆਂ*
*ਕੋਈ ਤਾਂ ਫੈਸਲਾ ਲੈਣਾ ਪਵੇਗਾ*
*ਪਾਰਥ !*
*ਮਨੁੱਖੀ ਜਾਤੀ ਦੇ ਸਵਾਲਾਂ ਤੇ*
*ਪਰਦਾ ਡਿੱਗਣ ਤੋਂ ਪਹਿਲਾਂ*
*ਕਿ ਭਵਿੱਖ 'ਚ*
*ਕਿੰਜ ਦੀ ਹੋਵੇਗੀ ਜ਼ਿੰਦਗੀ ।*[10]

ਇਹ ਤਕਨਾਲੋਜੀ ਸਾਨੂੰ ਪ੍ਰਕਿਰਤੀ , ਅਸਲ ਜ਼ਿੰਦਗੀ ਤੋਂ , ਸਮੂਹਿਕਤਾ ਤੋਂ ਦੂਰ ਲੈ ਕੇ ਜਾ ਰਹੀ ਹੈ। ਇੰਟਰਨੈਟ ਨੇ ਸਮਾਜ ਵਿਚ ਕਾਫ਼ੀ ਬਦਲਾਓ ਲਿਆਂਦਾ ਹੈ। ਸੋਸ਼ਲ ਨੈਟਵਰਕ ਵਰਗੀਆਂ ਤਕਨਾਲੋਜੀਆਂ ਸਾਡੇ ਜੀਵਨ ਦਾ ਹਿੱਸਾ ਬਣ ਗਈਆਂ ਹਨ। ਇਸ ਨੂੰ ਨਕਾਰਿਆ ਨਹੀਂ ਜਾ ਸਕਦਾ। ਸਵੀ ਦੀ ਕਵਿਤਾ ਵਿਚਲਾ ਪਾਤਰ ਇਸ ਨੂੰ ਇਕ ਹਿੱਸਾ ਹੀ ਬਣਾਉਣ ਤੇ ਜ਼ੋਰ ਦਿੰਦਾ ਹੋਇਆ ਇਸ ‘ਤੇ ਸਮੁੱਚੀ ਨਿਰਭਰਤਾ ਨਾ ਟਿਕਾਉਣ ਲਈ ਸੁਚੇਤ ਕਰਦਾ ਹੈ। ਕਵੀ ਮੰਨਦਾ ਹੈ ਕਿ ਮਨੁੱਖ ਰੋਬੋਟ ਨਹੀਂ ਹੁੰਦਾ ਉਸ ਦੀਆਂ ਭਾਵਨਾਵਾਂ ਹੁੰਦੀਆਂ ਹਨ ਅਤੇ ਭਾਵਹੀਣ ਵਿਅਕਤੀ ਮਨੁੱਖ ਨਹੀਂ ਹੁੰਦਾ। ਸਵੀ ਮਨੁੱਖ ਅਤੇ ਤਕਨਾਲੋਜੀ ਵਿਚਲੀ ਵਿਰੋਧਤਾਈ ਨੂੰ ਕੇਂਦਰ ਵਿਚ ਰੱਖਦਾ ਹੈ। ਏਥੇ ਇਹ ਪ੍ਰਸ਼ਨ ਵੀ ਬਹਿਸ ਗੋਚਰਾ ਬਣਦਾ ਹੈ ਕਿ ਨਾ-ਬਰਾਬਰੀ ਵਾਲੇ ਸਮਾਜ ਵਿਚ ਬੁਨਿਆਦੀ ਵਿਰੋਧਤਾਈ ਕਿਰਤ ਅਤੇ ਪੂੰਜੀ ਦੀ ਉਭਰਦੀ ਹੈ। ਮਨੁੱਖ ਅਤੇ ਤਕਨਾਲੋਜੀ ਦੀ ਵਿਰੋਧਤਾਈ ਵੀ ਇਸੇ ਅਧਾਰ ’ਤੇ ਟਿਕੀ ਹੋਈ ਹੈ। ਇੱਥੇ ਤਕਨਾਲੋਜੀ ਦੀ ਪ੍ਰਭਾਵਿਕਤਾ ਨੂੰ ਵੇਖਦੇ ਹੋਏ ਕਿਰਤ ਸ਼ਕਤੀ ਦੀ ਖੜੋਤ ਨੂੰ ਤੋੜਨਾ ਲਾਜ਼ਮੀ ਹੈ। ਕਿਰਤੀਆਂ ਅੰਦਰ ਚੇਤਨਾ ਅਤੇ ਫੈਸਲਾ ਕਰਨ ਦੀ ਸ਼ਕਤੀ ਹੁੰਦੀ ਹੈ। ਕਿਰਤੀ ਮਨੁੱਖ ਹੈ ਮਸ਼ੀਨ ਨਹੀਂ ਉਸ ਦਾ ਆਰਥਿਕ ਪਹਿਲੂ ਹੀ ਨਹੀਂ ਸਮਾਜਕ ਅਤੇ ਨੈਤਿਕ ਪਹਿਲੂ ਵੀ ਹਨ। ਮਨੁੱਖ ਨੂੰ ਮਨੁੱਖ ਹੀ ਰਹਿਣਾ ਜ਼ਰੂਰੀ ਹੈ। ਇਸ ਲਈ ਤਕਨਾਲੋਜੀ ਦਾ ਗ਼ੁਲਾਮ ਹੋਣਾ ਮਨੁੱਖੀ ਵਿਕਾਸ ਅਤੇ ਸਮਾਜਕ ਵਿਕਾਸ ਲਈ ਘਾਤਕ ਹੈ। ਤਕਨਾਲੋਜੀ ਨੂੰ ਲੋੜ ਅਨੁਸਾਰ ਵਰਤਿਆ ਜਾਵੇ ਨਾ ਕਿ ਇਹ ਸਮੁੱਚਾ ਜੀਵਨੀ-ਵਿਹਾਰ ਤੇ ਅਧਾਰ ਬਣੇ। ਤਕਨਾਲੋਜੀ ਦੇ ਗ਼ੁਲਾਮੀ ਤੋਂ ਮੁਕਤ ਹੋ ਕੇ ਮਨੁੱਖ ਦੇ ਜਾਗਦੇ ਅਰਥਾਂ ਦਾ ਨਿਰਮਾਣ ਕਰਦੀ ਸਮੀਕਰਨ ਤਾਂ ਹੀ ਸਥਾਪਿਤ ਹੋ ਸਕਦੀ ਹੈ ਜੇਕਰ ਡਿਜੀਟਲ ਅਤੇ ਨੈੱਟਵਰਕ ਤਕਨਾਲੋਜੀ ਦੇ ਸਮਾਨਾਂਤਰ ਮਾਨਵੀ ਸੰਵੇਦਨਾਵਾਂ ਭਰਪੂਰ ਜਗਤ ਨੂੰ ਮਹਿਸੂਸ ਕੀਤਾ ਜਾਵੇ।

*ਫਰਕ ਤਾਂ ਹੈ*
*ਤੂੰ ਹਰ ਗੱਲ ਦੇ*
*ਹੱਲ ਵੱਲ ਭੱਜੇਂ*
*ਬਿੱਗ-ਡੇਟਾ ਤੇ ਐਲਗੋਰਿਥਮ ਦੇ*
*ਕੈਲਕੂਲੇਟਿਵ  ਸੈਂਸਰੀ ਜਾਲ ਸਹਾਰੇ*
*ਮੈਂ ਢੂਹਦਾ ਹਾਂ*
*ਮਨ 'ਚ ਜਾਗ ਜਾਂਦਾ*
*ਭਾਵਨਾਵਾਂ 'ਚ ਸੁੱਤਾ ਸੰਸਾਰ*
*ਖ਼ੁਸ਼ੀ ਦਰਦ ਪਿਆਰ ਗੁੱਸਾ*

*ਲੈਂਦਾ ਹਾਂ ਫ਼ੈਸਲੇ ...*
*ਅਜੇ ਵੀ ਗੁੱਸਾ ਕੁਝ*
*ਦੂਰ ਹੈ*
*ਤੇਰੀ ਤਲਾਸ਼ ਦਾ ਪਾਸਵਰਡ*
*ਮਨ- ਚੇਤਨਾ- ਦਿਮਾਗ*
*ਭਰਮਜਾਲ ਤੈਰਦਾ*
*ਮੂਹਰੇ-ਮੂਹਰੇ...... ।*[11]

ਕਵੀ ਮਨੁੱਖ ਨੂੰ ਸੰਬੋਧਿਤ ਹੁੰਦਾ ਹੈ ਕਿ ਨਵੀਂ ਤਕਨਾਲੋਜੀ ਦੇ ਆਧੁਨਿਕ ਬਣਨ ਦੇ ਭੁਲੇਖੇ ਅੱਗੇ ਆਤਮ ਸਮਰਪਣ ਕਰਨ ਦੀ ਬਜਾਏ ਮਨੁੱਖ ਦੀ ਹੋਂਦ ਦੀ ਲੜਾਈ ਨੂੰ ਸੰਵੇਦਨਾ ਦੀ ਸਿਰਜਣਾ ਨਾਲ ਜਿੱਤਿਆ ਜਾਵੇ। ਇੱਥੇ ਇਸ ਪੁਸਤਕ ਦੇ ਵਿਚ ਇਹ ਹਰਾਰੀ ਦਾ ਭਵਿੱਖੀ ਮਨੁੱਖ ਬਾਰੇ ਬਿੰਬ ਦੀ ਥਾਂ ਸਵੀ ਨੇ ਮਾਨਵੀ ਸੰਵੇਦਨਾ ਦੇ ਸਿਰਜਕ ਦਾ ਬਿੰਬ ਉਸਾਰਦਿਆਂ ਵਰਤਮਾਨ ਚੁਣੌਤੀਆਂ ਤੋਂ ਪਾਰ ਜਾਣ ਦਾ ਨਵਾਂ ਸੰਵਾਦ ਛੇੜਿਆ ਹੈ। ਜੋ ਇਸ ਪੁਸਤਕ ਦਾ ਹਾਸਲ ਹੈ।

**ਹਵਾਲੇ :**


1. ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ, **ਭਾਰਤੀ ਕਾਵਿ ਸ਼ਾਸਤਰ**, ਪੰਨਾ 9.
2. ਸਵਰਨਜੀਤ ਸਵੀ, **ਮਨ ਦੀ ਚਿੱਪ**, ਪੰਨਾ 7.
3. **ਉਹੀ**, ਪੰਨਾ 8.
4. **ਉਹੀ**, ਪੰਨਾ 37.
5. ਯੁਵਲ ਨੋਆਹ ਹਰਾਰੀ, **21 ਲੈਸਨਜ਼ ਫਾਰ ਦਿ 21 ਸੈਂਚਰੀ**, ਭੂਮਿਕਾ
6. ਹਰਿਭਜਨ ਸਿੰਘ ਭਾਟੀਆ, **ਚਿੰਤਨ ਪੁਨਰ-ਚਿੰਤਨ**, ਪੰਨਾ 10.
7. ਸਵਰਨਜੀਤ ਸਵੀ, **ਮਨ ਦੀ ਚਿੱਪ**, ਪੰਨਾ 43.
8. ਡਾ.ਸੁਖਦੇਵ ਸਿੰਘ, **ਪੰਜਾਬੀ ਕਵਿਤਾ : ਦ੍ਰਿਸ਼ ਤੇ ਦ੍ਰਿਸ਼ਟੀ**, ਪੰਨਾ 171.
9. ਸਵਰਨਜੀਤ ਸਵੀ, **ਮਨ ਦੀ ਚਿੱਪ**, ਪੰਨਾ 68.
10. **ਉਹੀ**, ਪੰਨਾ 54.
11. **ਉਹੀ**, ਪੰਨਾ 60.


◈